# 15
# ਯਿਸੂ ਦੀ ਮੌਤ

## ਮੱਤੀ 27:50; ਮਰਕੁਸ 15:37; ਲੂਕਾ 23:46; ਯੂਹੰਨਾ 19:30

*''ਤਾਂ ਯਿਸੂ ਨੇ ਉੱਚੀ ਅਵਾਜ਼ ਨਾਲ ਚਿੱਲਾ ਕੇ ਆਖਿਆ ਕਿ ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ, ਅਤੇ ਇਹ ਕਹਿ ਕੇ ਪ੍ਰਾਣ ਛੱਡ ਦਿੱਤੇ'' (ਲੂਕਾ 23:46)।*

ਮਸੀਹੀਅਤ ਵਿਚ ਅਜਿਹਾ ਕੀ ਹੈ ਜੋ ਹੋਰਨਾਂ ਧਰਮਾਂ ਵਿਚ ਨਹੀਂ ਮਿਲ ਸਕਦਾ? ਯਿਸੂ ਮਸੀਹ ਅਤੇ ਉਹਦੀ ਸਲੀਬ! ਸਾਡੇ ਪਾਪਾਂ ਲਈ ਯਿਸੂ ਦੀ ਕੁਰਬਾਨੀ ਦੇ ਬਗ਼ੈਰ ਖ਼ੁਦਾ ਨਾ ਤਾਂ ਸਾਨੂੰ ਬਚਾ ਸਕਦਾ ਹੈ ਅਤੇ ਨਾ ਬਚਾਏਗਾ। ਜੋ ਮਸੀਹ ਵਿਚ ਰਹਿੰਦੇ ਹਨ, ਉਨ੍ਹਾਂ ਲਈ ਨਿਆਂ ਦਾ ਮਸਲਾ ਹੱਲ ਹੋ ਚੁੱਕਾ ਹੈ। ਜੋ ਮੁਕਤੀ ਤੋਂ ਬਾਹਰ ਹਨ, ਉਨ੍ਹਾਂ ਲਈ ਨਿਆਂ ਅਜੇ ਹੋਣ ਵਾਲਾ ਹੈ।

ਕਈ ਲੋਕ ''ਸਸਤੀ ਕਿਰਪਾ'' ਦੀ ਗੱਲ ਕਰਦੇ ਹਨ, ਪਰ ਸਸਤੀ ਕਿਰਪਾ ਵਰਗੀ ਕੋਈ ਚੀਜ਼ ਨਹੀਂ ਹੈ। ਕਿਰਪਾ ਖ਼ੁਦਾ ਦੇ ਗੁੱਸੇ ਨੂੰ ਅਣਗੌਲਿਆਂ ਨਹੀਂ ਕਰਦੀ, ਉਹਨੂੰ ਭੁੱਲਦੀ ਜਾਂ ਰੱਦਦੀ ਨਹੀਂ। ਕਿਰਪਾ ਪਾਪ ਦੀ ਕੀਮਤ, ਹਰਜਾਨੇ ਅਤੇ ਸਜ਼ਾ ਨੂੰ ਆਪਣੇ ਅੰਦਰ ਸੰਜੋਅ ਲੈਂਦੀ ਹੈ। ਹਰ ਪਾਪੀ ਅਤੇ ਹਰ ਪਾਪ ਨੂੰ ਜਾਂ ਤਾਂ ਮਸੀਹ ਵਿਚ ਜਾਂ ਨਰਕ ਵਿਚ ਸਜ਼ਾ ਦਿੱਤੀ ਜਾਂਦੀ ਹੈ। ਖ਼ੁਦਾ ਵੱਲੋਂ ਸੱਭ ਕੁਝ ਮਸੀਹ ਵਿਚ ਮਿਲਦਾ ਹੈ, ਭਾਵ ਕੋਈ ਰੂਹਾਨੀ ਬਰਕਤ ਮਸੀਹ ਤੋਂ ਬਾਹਰ ਨਹੀਂ ਹੈ (ਅਫ਼ਸੀਆਂ 1:3)।

### ਯਿਸੂ ਮਰਿਆ

ਖ਼ੁਦਾ ਹੋਣ ਕਰਕੇ, ਖ਼ੁਦਾ ਮਰ ਨਹੀਂ ਸਕਦਾ ਜਿਸ ਕਰਕੇ ਯਿਸੂ ਮਰਿਆ! ਉਹਦੀ ਮੌਤ ਬਾਰੇ ਸਾਨੂੰ ਇਹ ਪਤਾ ਹੋਣਾ ਜ਼ਰੂਰੀ ਹੈ *ਕਿ* ਉਹ *ਕਿਉਂ* ਮਰਿਆ (ਸਾਡੇ ਪਾਪਾਂ ਲਈ)। ਜ਼ਿਆਦਾਤਰ ਧਿਆਨ ਸਿਰਫ਼ ਇਸ 'ਤੇ ਦਿੱਤਾ ਜਾਂਦਾ ਹੈ ਕਿ ਉਹ ਮਰਿਆ *ਕਿਵੇਂ* ।

ਸਾਨੂੰ ਪਤਾ ਹੈ ਕਿ ਪਿਲਾਤੁਸ ਦੰਗ ਰਹਿ ਗਿਆ ਸੀ ਕਿ ਯਿਸੂ ਐਨੀ ਛੇਤੀ ਕਿਵੇਂ ਮਰ ਗਿਆ (ਮਰਕੁਸ 15:44)। ਪਰ ਉਹਨੇ ਇਸ ਵਿਚ ਸ਼ੱਕ ਨਹੀਂ ਕੀਤਾ ਕਿ ਯਿਸੂ ਮਰ ਚੁਕਾ ਹੈ। ਯਿਸੂ ਨਾਲ ਸਲੀਬ 'ਤੇ ਚੜ੍ਹਾਏ ਗਏ ਹੋਰ ਦੋ ਜਣਿਆਂ ਦੀਆਂ ਲੱਤਾਂ ਤੋੜੀਆਂ ਗਈਆਂ ਸਨ ਤਾਂ ਜੋ ਉਨ੍ਹਾਂ ਦੀ ਮੌਤ ਛੇਤੀ ਹੋ ਜਾਵੇ (ਯੂਹੰਨਾ 19:31-34)। ਪਵਿੱਤਰ ਆਤਮਾ ਨੇ ਇੰਜੀਲ ਦੇ

ਲੇਖਕ ਨੂੰ ਇਹ ਜਾਣਕਾਰੀ ਸ਼ਾਮਿਲ ਕਰਨ ਦੀ ਪ੍ਰੇਰਣਾ ਦਿੱਤੀ, ਇਹਦਾ ਮਤਲਬ ਇਹ ਹੈ ਕਿ ਉਹਨੇ ਸਾਨੂੰ ਇਹ ਦੱਸਣਾ ਜ਼ਰੂਰੀ ਸਮਝਿਆ ਹੋਵੇਗਾ। ਉਹ ਸਾਨੂੰ ਯਕੀਨ ਦੁਆਉਣਾ ਚਾਹੁੰਦਾ ਸੀ ਕਿ ਯਿਸੂ ਸਚਮੁਚ ਮਰਿਆ।

ਕਈਆਂ ਦਾ ਖ਼ਿਆਲ ਹੈ ਕਿ ਯਿਸੂ ਥਕੇਵੇਂ ਨਾਲ ਮਰ ਗਿਆ। ਉਹਨੂੰ ਸੌਣ ਨਹੀਂ ਦਿੱਤਾ ਗਿਆ ਸੀ, ਉਹਨੂੰ ਖਾਣਾ ਨਹੀਂ ਮਿਲਿਆ ਸੀ ਅਤੇ ਯਹੂਦੀ ਅਤੇ ਰੋਮੀ ਅਦਾਲਤਾਂ ਵਿਚ ਉਹਦੇ ਨਾਲ ਬੜੀ ਬੇਰਹਿਮੀ ਭਰਿਆ ਸਲੂਕ ਕੀਤਾ ਗਿਆ ਸੀ।

ਇਕ ਵਿਦਵਾਨ ਨੇ ਨਿਚੋੜ ਕੱਢਿਆ ਕਿ ਇਨ੍ਹਾਂ ਮੁਕੱਦਮਿਆਂ ਨਾਲ ਯਿਸੂ 2.6 ਮੀਲ (4.16 ਕਿਲੋਮੀਟਰ) ਚੱਲਿਆ ਸੀ। ਬੇਰਹਿਮੀ ਨਾਲ ਕੋੜੇ ਮਾਰੇ ਜਾਣ ਨੂੰ ਨਾ ਭੁੱਲੋ। ਥਕਾ ਟੁੱਟਾ ਯਿਸੂ ਆਪਣੀ ਸਲੀਬ ਨਹੀਂ ਚੁੱਕ ਸਕਦਾ ਸੀ। ਹੋਰਨਾਂ ਦਾ ਖ਼ਿਆਲ ਹੈ ਕਿ ਯਿਸੂ ਨਿਢਾਲ ਹੋ ਕੇ ਮਰ ਗਿਆ। ਉਹਨੂੰ ਜਿਸਮਾਨੀ ਤੌਰ 'ਤੇ ਕਮਜ਼ੋਰ ਅਤੇ ਦਿਮਾਗ਼ੀ ਤੌਰ 'ਤੇ ਨਿਚੋੜ ਦਿੱਤਾ ਗਿਆ ਸੀ। ਯਿਸੂ ਆਪਣੇ ਉੱਪਰ ਡੋਲ੍ਹੇ ਜਾਣ ਵਾਲੇ ਖ਼ੁਦਾ ਦੇ ਗੁੱਸੇ ਨੂੰ ਲੈ ਰਿਹਾ ਸੀ। ਇਕ ਰਸੂਲ ਨੇ ਉਹਨੂੰ ਫੜਵਾਇਆ ਸੀ, ਇਕ ਹੋਰ ਨੇ ਉਹਦਾ ਇਨਕਾਰ ਕੀਤਾ ਸੀ ਅਤੇ ਯੂਹੰਨਾ ਦੇ ਇਲਾਵਾ ਬਾਕੀ ਸਭ ਉਹਨੂੰ ਛੱਡ ਗਏ ਸਨ। ਇਨਸਾਨੀ ਤੌਰ 'ਤੇ ਆਖੀਏ ਤਾਂ ਯਿਸੂ ਇਕੱਲਾ ਰਹਿ ਗਿਆ ਸੀ। ''ਉਹ ਆਪਣੇ ਘਰ ਆਇਆ ਅਰ ਜਿਹੜੇ ਉਹਦੇ ਆਪਣੇ ਸਨ ਉਨ੍ਹਾਂ ਨੇ ਉਸ ਨੂੰ ਕਬੂਲ ਨਾ ਕੀਤਾ'' (ਯੂਹੰਨਾ 1:11)।

ਅਜਿਹੇ ਵੀ ਹਨ ਜਿਨ੍ਹਾਂ ਦਾ ਖ਼ਿਆਲ ਹੈ ਕਿ ਯਿਸੂ ਦੀ ਮੌਤ ਦਿਲ ਫਟਣ ਨਾਲ ਹੋਈ। ਦਿਲ ਫਟਣ ਨਾਲ ਉਹਦੀ ਫੌਰੀ ਮੌਤ ਤਬਾਹਕੁੰਨ ਘਟਨਾ ਦਾ ਸੰਕੇਤ ਕਰਦੀ ਹੈ।

ਯਿਸੂ ਨਾਲੋਂ ਭੈੜਾ ਸਲੂਕ ਬਹੁਤ ਘੱਟ ਲੋਕਾਂ ਨਾਲ ਹੋਇਆ। ਉਹ ਦਿਲ ਫਟਣ ਨਾਲ ਮਰਿਆ ਜਾਂ ਕਾਰਡੀਓਪਲਸੋਨਰੀ ਫੇਲ੍ਹ ਹੋਣ ਨਾਲ, ਪਰ ਅਹਿਮ ਤੱਥ ਇਹ ਹੈ *ਕਿ* ਉਹ ਮਰਿਆ, ਨਾ ਕਿ ਇਹ ਕਿ ਉਹ *ਕਿਵੇਂ* ਮਰਿਆ। ਰੋਮੀ ਪਹਿਰੇਦਾਰਾਂ ਨੇ ਆਪਣੇ ਸ਼ਿਕਾਰ ਨੂੰ ਤਦ ਤਕ ਨਹੀਂ ਛੱਡਿਆ ਜਦ ਤਕ ਪੱਕਾ ਨਹੀਂ ਹੋ ਗਿਆ ਕਿ ਮੌਤ ਹੋ ਗਈ ਹੈ। ਯਿਸੂ ਸਚਮੁਚ ਮਰਿਆ!

## ਯਿਸੂ ਮੇਰੇ ਲਈ ਮਰਿਆ

ਬਾਈਬਲ ਕਦੇ ਨਹੀਂ ਕਹਿੰਦੀ ਕਿ ਯਿਸੂ ਸਾਡੇ ਲਈ ਜ਼ਿੰਦਾ ਰਿਹਾ ਜਾਂ ਉਹਨੇ ਸਾਡੇ ਲਈ ਕੰਮ ਕੀਤਾ, ਪਰ ਬਾਈਬਲ ਜ਼ੋਰ ਦੇ ਕੇ ਇਹ ਐਲਾਨ ਕਰਦੀ ਹੈ ਕਿ ਯਿਸੂ ਸਾਡੇ ਲਈ ਮਰਿਆ। ਯਸਾਯਾਹ ਨੇ ਕਿ ਉਹ ਸਾਡੇ ਅਪਰਾਧਾਂ ਲਈ ਕੁਚਲਿਆ ਗਿਆ ਸੀ (ਯਸਾਯਾਹ 53:5)। ਸਲੀਬ ਪਾਪ ਦੀ ਮੁਸ਼ਕਿਲ ਲਈ ਖ਼ੁਦਾ ਦਾ ਜਵਾਬ ਮੁਹੱਈਆ ਕਰਵਾਉਂਦੀ ਹੈ।

ਪਿਲਾਤੁਸ ਨੇ ਲਾਸ਼ ਦਫ਼ਨਾਉਣ ਲਈ ਤਦ ਤਕ ਨਹੀਂ ਦੇਣੀ ਸੀ ਜਦ ਤਕ ਉਹਨੂੰ ਯਕੀਨ ਨਾ ਹੋ ਜਾਂਦਾ ਕਿ ਯਿਸੂ ਦੀ ਮੌਤ ਹੋ ਗਈ ਹੈ (ਮਰਕੁਸ 15:44-47)। ਉਹਨੇ ਯਿਸੂ ਦੀ ਮੌਤ ਤੇ ਜ਼ਰਾ ਸ਼ੱਕ ਨਹੀਂ ਕੀਤਾ। ਯਿਸੂ ਦੀ ਮੌਤ ਇਤਿਹਾਸਕ ਘਟਨਾ ਹੈ। ਮੇਰੇ ਲਈ ਯਿਸੂ ਦੀ ਮੌਤ ਨਿੱਜੀ (ਮੁਕਤੀ ਦਵਾਉਣ ਵਾਲੀ) ਹੈ। ਸਿਰਫ਼ ਇਹੀ ਵਿਸ਼ਵਾਸ ਕਰਨਾ ਕਾਫ਼ੀ ਨਹੀਂ ਹੈ ਕਿ ਯਿਸੂ ਮਰਿਆ ਭਾਵ ਮੇਰੇ ਲਈ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਯਿਸੂ ਮੇਰੇ ਲਈ ਮਰਿਆ! ਯਿਸੂ ਨੇ ਸਲੀਬ 'ਤੇ ਜੋ ਵੀ ਕੀਤਾ, ਉਹ ਮੇਰੇ ਲਈ ਹੀ ਕੀਤਾ! ਖ਼ੁਦਾ ਮੈਨੂੰ ਪਿਆਰ ਕਰਦਾ ਹੈ ਅਤੇ ਮੈਨੂੰ ਚਾਹੁੰਦਾ ਹੈ (ਯੂਹੰਨਾ 3:16)! ਗਾਓ। ...ਪੁਕਾਰੋ। ...''ਮੇਰੇ ਕੋਲ ਮੁਕਤੀਦਾਤਾ ਹੈ!''

ਯਾਦ ਰੱਖੋ: ਆਪਣੇ ਆਪ ਨੂੰ ਰੋਜ਼ ਇੰਜੀਲ ਸੁਣਾਓ। ਤੁਹਾਨੂੰ ਬਚਾਉਣ ਲਈ ਸਲੀਬ ਦੀ ਲੋੜ

ਪਈ ਅਤੇ ਤੁਹਾਨੂੰ ਬਚਾਏ ਰੱਖਣ ਲਈ ਸਲੀਬ ਦੀ ਲੋੜ ਹੈ।

ਤੁਸੀਂ ਫ਼ਜ਼ਲ ਨੂੰ ਕਮਾ ਨਹੀਂ ਸਕਦੇ-ਇਹ ਦਾਨ ਹੈ।
ਤੁਸੀਂ ਫ਼ਜ਼ਲ ਨੂੰ ਖ਼ਰੀਦ ਨਹੀਂ ਸਕਦੇ-ਇਹ ਵਿਕਾਊ ਨਹੀਂ ਹੈ।
ਤੁਸੀਂ ਫ਼ਜ਼ਲ ਦੇ ਲਾਇਕ ਨਹੀਂ ਹੋ ਸਕਦੇ-ਇਹ ਕਰਜ਼ਦਾਰ ਨਹੀਂ ਬਣਾਉਂਦਾ।
ਫ਼ਜ਼ਲ ਸਭ ਕੁਝ ਬਦਲ ਦਿੰਦਾ ਹੈ-ਇਹ ਮੁਕਤੀ ਦੁਵਾਉਂਦਾ ਹੈ!

ਯਿਸੂ ਮੇਰੇ ਪਾਪਾਂ ਲਈ ਮਰਿਆ (ਕੁਰਿੰਥੀਆਂ15: 1-4)! ਇਕ ਛੋਟੀ ਕੁੜੀ ਨੇ ਸਲੀਬ ਦਾ ਸ਼ੰਦੇਸ ਸੁਣਿਆ। ਉਹਨੇ ਪ੍ਰਚਾਰਕ ਨੂੰ ਦੱਸਿਆ, ''ਉਹਨੇ ਤੁਹਾਡੇ ਲਈ ਐਨਾ ਕੁਝ ਕੀਤਾ ਹੈ, ਤੁਹਾਨੂੰ ਉਹਦੇ ਨਾਲ ਦੁਨੀਆਂ ਦੀ ਹਰ ਚੀਜ਼ ਨਾਲੋਂ ਵਧ ਕੇ ਪਿਆਰ ਕਰਨਾ ਚਾਹੀਦਾ ਹੈ।'' ਹਾਂ, ਅਸੀਂ ਕਰਦੇ ਹਾਂ!

ਉਹ ਪਿਆਰ ਜਿਹਨੂੰ ਕਮਾਇਆ ਨਹੀਂ ਜਾਂਦਾ, ਬਿਨਾਂ ਸ਼ਰਤ ਦੇ ਨਹੀਂ ਹੈ, ਭਾਵ ਪਾਪੀ ''ਦੂਰ ਦੇਸ਼'' ਵਿਚ ਰਹਿ ਕੇ ਬਚਾਏ ਨਹੀਂ ਜਾ ਸਕਦੇ (ਲੂਕਾ 15; KJV) ਮੁਕਤੀ ਕਿਸੇ ਚੰਗੇ ਕਰਮਾਂ ਨਾਲ ਨਹੀਂ ਮਿਲਦੀ, ਫਿਰ ਵੀ ਮਸੀਹੀ ਪਿਆਰ ਭਲਾਈ ਦੇ ਕੰਮਾਂ ਨਾਲ ਵਿਖਾਇਆ ਜਾਂਦਾ ਹੈ (ਅਫ਼ਸੀਆਂ 2:8-10), ਸੱਚਾ ਪਿਆਰ ਮੰਗ ਕਰਦਾ ਹੈ। ਕਿਉਂਕਿ ਇਸ ਦੀਆਂ ਸ਼ਰਤਾਂ ਬੱਚਿਆਂ ਲਈ ਨਹੀਂ ਹਨ। ਮਸੀਹੀਅਤ ਇਕ ਦਾਨ ਹੈ, ਨਾ ਕਿ ਸੌਦਾ। ਇਹਦੀ ਕੀਮਤ ਯਿਸੂ ਨੇ ਆਪਣੀ ਜਾਨ ਦੇ ਕੇ ਚੁਕਾਈ, ਸਾਨੂੰ ਵੀ ਆਪਣੀ ਜਾਨ ਦੇ ਕੇ ਚੁਕਾਉਣੀ ਪਵੇਗੀ । ਫ਼ਜ਼ਲ ਬੋਤਲ 'ਚ ਪਿਆ ਜਿੰਨ ਨਹੀਂ ਹੈ, ਇਹ ਤਾਂ ਸਲੀਬ ਹੈ, ਚੇਲੇ ਬਣਨ ਦੀ ਕੀਮਤ ਬਹੁਤ ਜ਼ਿਆਦਾ ਹੈ, ਇਹ ਤੁਹਾਡੀ ਜ਼ਿੰਦਗੀ ਮੰਗਦੀ ਹੈ। ਸਲੀਬ ਤੇ ਯਿਸੂ ਨੂੰ ਆਪਣੀ ਨਹੀਂ ਸਗੋਂ ਦੂਜਿਆਂ ਦੀ ਫ਼ਿਕਰ ਸੀ ਅਤੇ ਸਾਨੂੰ ਉਹਦੇ ਬੇਗਰਜ਼ ਨਮੂਨੇ ਦੀ ਪਾਲਨਾ ਕਰਨ ਦੀ ਲੋੜ ਹੈ।

ਮਸੀਹ ਨੂੰ ਸਲੀਬ ਕਿਹਨੇ ਚੜ੍ਹਾਇਆ? ਮੈਂ ਚੜ੍ਹਾਇਆ! ਸਲੀਬ 'ਤੇ ਯਿਸੂ ਦੇ ਸਰੀਰ ਤੇ ਕਿੱਲ ਕਿਸਨੇ ਠੋਕੇ ? ਮੈਂ ਠੋਕੇ! ਜਦ ਤਕ ਸਾਨੂੰ ਇਹ ਸਮਝ ਨਹੀਂ ਆਉਂਦੀ ਕਿ ਅਸੀਂ ਅਜਿਹਾ ਕੀ ਕੀਤਾ, ਜਿਸ ਕਰਕੇ ਉਹਨੂੰ ਮਰਨਾ ਪਿਆ, ਤਦ ਤਕ ਸਾਨੂੰ ਇਹ ਸਮਝ ਨਹੀ ਆਵੇਗੀ ਕਿ ਮਸੀਹ ਨੇ ਸਾਡੇ ਲਈ ਕੀ ਕੀਤਾ। ਪਾਪ ਰੂਹਾਨੀ ਬਗ਼ਾਵਤ ਹੈ। ਇਹ ਖ਼ਤਰਨਾਕ ਹੈ ਅਤੇ ਸਾਨੂੰ ਖ਼ੁਦਾ ਤੋਂ ਦੂਰ ਕਰਦਾ ਹੈ (ਯਸਾਯਾਹ 59: 1-3)। ਮਸੀਹ ਨੇ ਸਾਡੇ ਲਈ ਉਹ ਕੀਤਾ ਜੋ ਅਸੀਂ ਆਪਣੇ ਲਈ ਨਹੀਂ ਕਰ ਸਕਦੇ ਸਾਂ। ਮਸੀਹ ਤੋਂ ਅੱਡ ਹੋ ਕੇ ਅਸੀਂ ਆਪਣੇ ਪਾਪਾਂ ਵਿਚ ਮਰ ਸਕਦੇ ਹਾਂ। ਪਤਰਸ ਨੇ ਆਪਣੇ ਸੁਣਨ ਵਾਲਿਆਂ ਤੇ ਮਸੀਹ ਦੇ ਕਤਲ ਦਾ ਇਲਜ਼ਾਮ ਲਾਇਆ ਸੀ (ਰਸੂਲਾਂ ਦੇ ਕੰਮ 2:22-36)। ਉਨ੍ਹਾਂ ਨੇ ਯਿਸੂ ਨੂੰ ਜਿਸਮਾਨੀ ਤੌਰ ਤੇ ਮਾਰਿਆ ਸੀ ਪਰ ਅਸੀਂ ਉਹਨੂੰ ਰੂਹਾਨੀ ਤੌਰ ਤੇ ਮਾਰਿਆ ਹੈ। ਫ਼ਜ਼ਲ ਦੀ ਵਡਿਆਈ ਨੂੰ ਸਮਝਣਾ ਜ਼ਰੂਰੀ ਹੈ, ਜੇ ਲੋਕ ਮਸੀਹ ਵਿਚ ਨਹੀਂ ਬਦਲੇ ਹਨ ਤਾਂ ਉਨ੍ਹਾਂ ਨੂੰ ਲਗ ਸਕਦਾ ਹੈ ਕਿ ਉਨ੍ਹਾਂ ਨੇ ਮਸੀਹੀਅਤ ਨੂੰ ਅਪਨਾਉਣ ਦੀ ਕੋਸ਼ਿਸ ਕੀਤੀ, ਪਰ ਨਹੀਂ ਅਪਣਾ ਸਕੇ ਜਦਕਿ ਅਸਲ 'ਚ ਉਨ੍ਹਾਂ ਨੇ ਕੋਸ਼ਿਸ ਕੀਤੀ ਹੀ ਨਹੀਂ। ਆਪਣੇ ਆਪ ਨੂੰ ਅਤੇ ਚੰਗੇ ਭਵਿੱਖ ਲਈ ਉਨ੍ਹਾਂ ਨੂੰ ਸਲੀਬ ਤੇ ਚੜ੍ਹਾ ਦਿਓ। ਸਲੀਬ ਚੜ੍ਹਾਇਆ ਜਾਣਾ ਦੁਨੀਆਂ ਦੇ ਬਣਨ ਦਾ, ਸਾਡੇ ਮੌਜੂਦਾ ਜੀਵਨ ਦਾ ਅਤੇ ਸਾਡੇ ਭਵਿੱਖ ਦਾ ਪਤਾ ਦਿੰਦਾ ਹੈ। ਸਾਨੂੰ ਆਪਣੇ ਆਪ ਨੂੰ ਯਾਦ ਦਵਾਉਣਾ ਚਾਹੀਦਾ ਹੈ ਕਿ ''ਇਹ ਸਭ ਮੇਰੇ ਕਰਕੇ ਹੋਇਆ।''

*ਸਲੀਬ ...*
*ਹੋਰ ਰਾਹ ਹੀ ਨਹੀਂ!*